ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ ॥ ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ ॥ ੧॥ ਰਹਾਉ ॥ ਅਨਿਕ ਗਿਆਨ ਅਨਿਕ ਧਿਆਨ ਅਨਿਕ ਜਾਪ ਜਾਪ ਤਾਪ ॥ ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ ॥੧॥ ਅਨਿਕ ਨਾਦ ਅਨਿਕ ਬਾਜ ਨਿਮਖ ਨਿਮਖ ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥ ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ ॥੨॥੧॥੫੭॥੮॥੨੧॥੭॥੫੭॥੯੩॥ {ਪੰਨਾ 1153}

ਪਦਅਰਥ:- ਪਰਤਿਪਾਲ—ਹੇ ਪ੍ਰਤਿਪਾਲ! ਹੇ ਪਾਲਣਹਾਰ! ਕਵਨ ਗੁਨ—ਕਿਹੜੇ ਕਿਹੜੇ ਗੁਣ? ਗਨੀ—ਗਨੀਂ, ਮੈਂ ਗਿਣਾਂ। ਤਰੰਗ—ਲਹਿਰਾਂ। ਕੋ—ਦਾ। ਧਨੀ—ਮਾਲਕ।1। ਰਹਾਉ।

ਅਨਿਕ—ਅਨੇਕਾਂ ਜੀਵ। ਗਿਆਨ—ਧਾਰਮਿਕ ਪੁਸਤਕਾਂ ਦੇ ਵਿਚਾਰ। ਧਿਆਨ—ਸਮਾਧੀਆਂ। ਜਾਪ—ਮੰਤ੍ਰਾਂ ਦੇ ਜਾਪ। ਤਾਪ—ਧੂਣੀਆਂ ਤਪਾਣੀਆਂ। ਗੁਨਿਤ—ਗੁਣਾਂ ਦੀ ਵਿਚਾਰ। ਲਲਿਤ—ਸੁੰਦਰ। ਧੁਨਿਤ ਲਲਿਤ—ਸੋਹਣੀਆਂ ਧੁਨਾਂ। ਧਾਰ ਮੁਨੀ—ਮੋਨ ਧਾਰਨ ਵਾਲੇ।1।

ਨਾਦ—ਆਵਾਜ਼। ਬਾਜ—ਵਾਜੇ। ਨਿਮਖ—{inmy—} ਅੱਖ ਝਮਕਣ ਜਿਤਨਾ ਸਮਾ। ਦੋਖ—ਐਬ, ਵਿਕਾਰ। ਮਿਟਹਿ—ਮਿਟ ਜਾਂਦੇ ਹਨ, ਦੂਰ ਹੋ ਜਾਂਦੇ ਹਨ {ਬਹੁ-ਵਚਨ}। ਜਸ—ਸਿਫ਼ਤਿ-ਸਾਲਾਹ {ਬਹੁ-ਵਚਨ}। ਸੁਨੀ—ਸੁਣਿਆਂ। ਨਾਨਕ—ਹੇ ਨਾਨਕ! ਸੇਵ—ਸੇਵਾ-ਭਗਤੀ। ਅਪਾਰ ਦੇਵ—ਬੇਅੰਤ ਪ੍ਰਭੂ-ਦੇਵ ਜੀ। ਤਟਹ—ਤਟ, ਤੀਰਥਾਂ ਦੇ ਕੰਢੇ, ਤੀਰਥ-ਇਸ਼ਨਾਨ। ਖਟਹ—ਛੇ (ਸ਼ਾਸਤ੍ਰਾਂ ਦੇ ਵਿਚਾਰ)। ਪੂਜਾ—ਦੇਵ-ਪੂਜਾ। ਗਵਨ ਭਵਨ—ਸਾਰੀ ਧਰਤੀ ਦਾ ਰਟਨ। ਪੁਨੀ—ਪੁੰਨ।2।

ਅਰਥ:- ਹੇ ਸਭ ਦੇ ਪਾਲਣਹਾਰ ਪ੍ਰਭੂ! ਹੇ ਕਿਰਪਾਲ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣ ਬਿਆਨ ਕਰਾਂ? (ਜਗਤ ਦੇ) ਅਨੇਕਾਂ ਰੰਗ-ਤਮਾਸ਼ੇ (ਤੇਰੇ ਹੀ ਰਚੇ ਹੋਏ ਹਨ), (ਤੂੰ ਇਕ ਬੇਅੰਤ ਸਮੁੰਦਰ ਹੈਂ, ਜਗਤ ਦੇ ਬੇਅੰਤ ਜੀਅ-ਜੰਤ ਤੇਰੇ ਵਿਚੋਂ ਹੀ) ਲਹਿਰਾਂ ਉੱਠੀਆਂ ਹੋਈਆਂ ਹਨ, ਤੂੰ ਸਭ ਜੀਵਾਂ ਦਾ ਮਾਲਕ ਹੈਂ।1। ਰਹਾਉ।

ਹੇ ਪਾਲਣਹਾਰ ਪ੍ਰਭੂ! ਅਨੇਕਾਂ ਹੀ ਜੀਵ (ਧਾਰਮਿਕ ਪੁਸਤਕਾਂ ਦੇ) ਵਿਚਾਰ ਕਰ ਰਹੇ ਹਨ, ਅਨੇਕਾਂ ਹੀ ਜੀਵ ਸਮਾਧੀਆਂ ਲਾ ਰਹੇ ਹਨ, ਅਨੇਕਾਂ ਹੀ ਜੀਵ ਮੰਤ੍ਰਾਂ ਦੇ ਜਪ ਕਰ ਰਹੇ ਹਨ ਤੇ ਧੂਣੀਆਂ ਤਪ ਰਹੇ ਹਨ। ਅਨੇਕਾਂ ਜੀਵ ਤੇਰੇ ਗੁਣਾਂ ਨੂੰ ਵਿਚਾਰ ਰਹੇ ਹਨ, ਅਨੇਕਾਂ ਜੀਵ (ਤੇਰੇ ਕੀਰਤਨ ਵਿਚ) ਮਿਠੀਆਂ ਸੁਰਾਂ ਲਾ ਰਹੇ ਹਨ, ਅਨੇਕਾਂ ਹੀ ਜੀਵ ਮੋਨ ਧਾਰੀ ਬੈਠੇ ਹਨ।1।

ਹੇ ਪ੍ਰਭੂ! (ਜਗਤ ਵਿਚ) ਅਨੇਕਾਂ ਰਾਗ ਹੋ ਰਹੇ ਹਨ, ਅਨੇਕਾਂ ਸਾਜ ਵੱਜ ਰਹੇ ਹਨ, ਇਕ ਇਕ ਨਿਮਖ ਵਿਚ ਅਨੇਕਾਂ ਸੁਆਦ ਪੈਦਾ ਹੋ ਰਹੇ ਹਨ। ਹੇ ਪ੍ਰਭੂ! ਤੇਰੀ ਸਿਫ਼ਤਿ-ਸਾਲਾਹ ਸੁਣਿਆਂ ਅਨੇਕਾਂ ਵਿਕਾਰ ਤੇ ਅਨੇਕਾਂ ਰੋਗ ਦੂਰ ਹੋ ਜਾਂਦੇ ਹਨ।

ਹੇ ਨਾਨਕ! ਬੇਅੰਤ ਪ੍ਰਭੂ-ਦੇਵ ਦੀ ਸੇਵਾ-ਭਗਤੀ ਹੀ ਤੀਰਥ-ਜਾਤ੍ਰਾ ਹੈ, ਭਗਤੀ ਹੀ ਛੇ ਸ਼ਾਸਤਰਾਂ ਦੀ ਵਿਚਾਰ ਹੈ, ਭਗਤੀ ਹੀ ਦੇਵ-ਪੂਜਾ ਹੈ, ਭਗਤੀ ਹੀ ਦੇਸ-ਰਟਨ ਤੇ ਤੀਰਥ-ਜਾਤ੍ਰਾ ਹੈ। ਸਾਰੇ ਫਲ ਸਾਰੇ ਪੁੰਨ ਪਰਮਾਤਮਾ ਦੀ ਸੇਵਾ-ਭਗਤੀ ਵਿਚ ਹੀ ਹਨ।2।1। 57।8। 21।7। 57। 93।

ਨੋਟ:- ਪੜਤਾਲ—ਕਈ ਤਾਲਾਂ ਦਾ ਪਰਤ ਪਰਤ ਕੇ ਵੱਜ ਸਕਣਾ। ਇਸ ਕਿਸਮ ਦੇ ਸ਼ਬਦ ਦੇ ਗਾਇਨ ਸਮੇ ਚਾਰ ਤਾਲ, ਤਿੰਨ ਤਾਲ, ਸੂਲ ਫ਼ਾਖ਼ਤਾ, ਝੱਪ ਤਾਲ ਆਦਿਕ ਕਈ ਤਾਲ ਪਰਤ ਪਰਤ ਕੇ ਵਜਾਏ ਜਾ ਸਕਦੇ ਹਨ।